ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-2 ਸ਼ਾਖਾ)

ਸੇਵਾ ਵਿਖੇ,

ਮੁੱਖ ਨਗਰ ਯੋਜਨਾਕਾਰ,
ਪੰਜਾਬ,ਚੰਡੀਗੜ੍ਹ ।

ਮੀਮੋ ਨੰ: 18/65/2005-6ਮਉ2/7102,
ਮਿਤੀ ਚੰਡੀਗੜ੍ਹ 14.7.2005

ਵਿਸ਼ਾ: **ਮਾਸਟਰ ਪਲੈਨ ਅਨੁਸਾਰ ਲੈਂਡ ਯੂਜ ਦੱਸਣ ਲਈ ਫੀਸ ਨਿਰਧਾਰਤ ਕਰਨ ਬਾਰ ।**

ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਦੇ ਜਿਲ੍ਹਾ ਪੱਧਰੀ ਦਫਤਰਾਂ ਵਿਚੋ ਇਕਾਈਕਾਰਾਂ/ਬਿਲਡਰਜ਼ ਆਦਿ ਵੱਲੋ ਵਿਭਾਗ ਵੱਲੋ ਤਿਆਰ ਕੀਤੀਆਂ ਗਈਆਂ ਮਾਸਟਰ ਪਲੈਨਾਂ ਅਨੁਸਾਰ ਆਪਣੀ ਥਾਂ ਦਾ ਲੈਂਡ ਯੂਜ਼ ਪਤਾ ਕਰਨ ਲਈ ਰੈਫਰੈਸਿਜ਼ ਪ੍ਰਾਪਤ ਹੁੰਦੇ ਹਨ। ਜਿਸ ਬਾਰੇ ਵਿਭਾਗ ਦੇ ਦਫਤਰਾਂ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਮੌਕਾ ਨਿਰੀਖਣ ਕਰਨ ਉਪਰੰਤ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਅਤੇ ਵਿਭਾਗ ਵੱਲੋ ਇਸ ਮੰਤਵ ਲਈ ਸਮੇਂ ਦੀ ਵਰਤੋ ,ਸਟੇਸ਼ਨਰੀ ਅਤੇ ਆਉਣ ਜਾਣ ਤੇ ਸਰਕਾਰੀ ਫੰਡਜ਼ ਵਰਤੇ ਜਾਂਦੇ ਹਨ। ਇਸ ਲਈ ਸਰਕਾਰ ਦੀ ਪੱਧਰ ਤੇ ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਕੇਸਾਂ ਦਾ ਨਿਪਟਾਰਾ ਕਰਨ ਲਈ ਵਿਭਾਗ ਵੱਲੋ ਰੁਪਏ 5000/- ਇਕ ਏਕੜ ਦੀ ਸਾਈਟ ਤੇ ਇਸ ਤੋ ਉਪਰ ਰੁਪਏ 1000/- ਪ੍ਰਤੀ ਏਕੜ ਦੇ ਹਿਸਾਬ ਨਾਲ ਫੀਸ ਚਾਰਜ਼ ਕਰਕੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਜਾਇਆ ਕਰੇ। ਇਹ ਫੀਸ ਉਦਯੋਗ ਸਹਾਇਕ,ਕੰਪੀਟੈਂਟ ਅਥਾਰਟੀ,ਸਾਈਟ ਅਪਰੇਜ਼ਲ ਕਮੇਟੀ ਜਾਂ ਕਿਸੇ ਹੋਰ ਅਦਾਰੇ ਤੋ ਉਦਯੋਗਿਕ ਮੰਤਵ ਲਈ ਰਿਪੋਰਟ ਪ੍ਰਾਪਤ ਕਰਨ ਲਈ ਪ੍ਰਾਪਤ ਕੇਸਾਂ ਤੇ ਵੀ ਲਾਗੂ ਹੋਵੇਗੀ।

ਉਪਰੋਕਤ ਹਦਾਇਤਾਂ ਸਾਰੇ ਸਬੰਧਤ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ ਅਤੇ ਇੰਨ੍ਹਾਂ ਦੀ ਪਾਲਣਾ ਇੰਨ-ਬਿੰਨ ਯਕੀਨੀ ਬਣਾਈ ਜਾਵੇ ।

ਸਹੀ/[- ਸਕੱਤਰ,ਮਕਾਨ ਉਸਾਰੀ

ਪਿੱਠ ਅੰਕਣ ਨੰ: 18/65/2005-6ਮਉ2/ ਮਿਤੀ:ਚੰਡੀਗੜ੍ਹ:

ਇਸ ਦਾ ਇਕ ਉਤਾਰਾ ਮੁੱਖ ਪ੍ਰਸ਼ਾਸ਼ਕ,ਪੁੱਡਾ,ਮੋਹਾਲੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸੰਯੁਕਤ ਸਕੱਤਰ

**<u>ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ,ਪੰਜਾਬ</u>**

ਪਿੱਠ ਅੰਕਣ ਨੰ: 4031-50- ਸੀਟੀਪੀ(ਪਬ)/ਐਸਪੀ-443, ਮਿਤੀ: 18.7.05

ਇਸ ਦਾ ਇਕ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਦਫਤਰ ਨੂੰ ਜੋ ਵੀ ਰਿਪੋਰਟਾਂ ਉਪਰੋਕਤ ਕੇਸਾਂ ਬਾਰੇ ਆਪ ਜੀ ਵੱਲੋ ਭੇਜੀਆਂ ਜਾਂਦੀਆਂ ਹਨਉਨ੍ਹਾਂ ਵਿੱਚ ਸਪਸ.ਟ ਲਿੱਖ ਦਿੱਤਾ ਜਾਵੇ ਕਿ ਉਪਰੋਕਤ ਅਨੁਸਾਰ ਬਣਦੀ ਲੋੜੀਂਦੀ ਫੀਸ ਪ੍ਰਾਪਤ ਕਰ ਲਈ ਗਈ ਹੈ ਜਾਂ ਨਹੀ।

1) ਸੀਨੀਅਰ ਨਗਰ ਯੋ:ਜਨਾਕਾਰ,
ਲੁਧਿਆਣਾ/ਪਟਿਆਲਾ/ਜਲੰਧਰ/ਅੰਮ੍ਰਿਤਸਰ/ਐਸ.ਏ.ਐਸ.ਨਗਰ ।

2) ਜਿਲ੍ਹਾ ਨਗਰ ਯੋਜਨਾਕਾਰ,
ਲੁਧਿਆਣਾ/ਪਟਿਆਲਾ/ਬਠਿੰਡਾ/ਫਤਹਿਗੜ੍ਹ
ਸਾਹਿਬ/ਸੰਗਰੂਰ/ਫਿਰੋਜਪੁਰ/ਫਰੀਦਕੋਟ/ਜਲੰਧਰ/
ਹੁਸਿ.ਆਰਪੁਰ/ਅੰਮ੍ਰਿਤਸਰ/ਗੁਰਦਾਸਪੁਰ/ਐਸ.ਏ.ਐਸ.ਨਗਰ/ਮੰਡੀ
ਮੰਡਲ,ਪੰਜਾਬ,ਚੰਡੀਗੜ੍ਹ।

3) ਡਿਪਟੀ ਜਿਲ੍ਹਾ ਨਗਰ ਯੋਜਨਾਕਾਰ,
ਕਪੂਰਥਲਾ/ਰੋਪੜ ।

ਸਹੀ/-
ਸੀਨੀਅਰ ਨਗਰ ਯੋਜਨਾਕਾਰ,
ਵਾ:ਮੁੱਖ ਨਗਰ ਯੋਜਨਾਕਾਰ,
ਪੰਜਾਬ,ਚੰਡੀਗੜ੍ਹ ।